# Virtual ceremony for the launch of RuPay card Phase-II in Bhutan

November 19, 2020

# ਭੂਟਾਨ ’ਚ ਰੁਪੇ ਕਾਰਡ ਫੇਜ਼–II ਦੇ ਲਾਂਚ ਲਈ ਵਰਚੁਅਲ ਸਮਾਰੋਹ

19 ਨਵੰਬਰ, 2020

ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਭੂਟਾਨ ਦੇ ਪ੍ਰਧਾਨ ਮੰਤਰੀ ਲਿਓਨਛੇਨ ਡਾ. ਲੋਟੇਅ ਸ਼ੇਰਿੰਗ ਦੁਆਰਾ 20 ਨਵੰਬਰ, 2020 ਨੂੰ ਰੁਪੇ ਕਾਰਡ ਫੇਜ਼–II ਦੇ ਸੰਯੁਕਤ ਲਾਂਚ ਲਈ ਇੱਕ ਵਰਚੁਅਲ ਸਮਾਰੋਹ ਹੋਵੇਗਾ।

ਭਾਰਤ ਅਤੇ ਭੂਟਾਨ ਦੇ ਪ੍ਰਧਾਨ ਮੰਤਰੀਆਂ ਨੇ ਅਗਸਤ 2019 ’ਚ ਭੂਟਾਨ ਦੇ ਪ੍ਰਧਾਨ ਮੰਤਰੀ ਦੇ ਸਰਕਾਰੀ ਦੌਰੇ ਦੌਰਾਨ ਪ੍ਰੋਜੈਕਟ ਦੇ ਫੇਜ਼–I ਦੀ ਸਾਂਝੀ ਸ਼ੁਰੂਆਤ ਕੀਤੀ ਸੀ। ਭੂਟਾਨ ’ਚ ਰੁਪੇ ਕਾਰਡਾਂ ਦਾ ਫੇਜ਼–I ਲਾਗੂ ਹੋਣ ਨਾਲ ਭਾਰਤ ਤੋਂ ਜਾਣ ਵਾਲੇ ਮੁਲਾਕਾਤੀਆਂ ਲਈ ਸਮੁੱਚੇ ਭੂਟਾਨ ਵਿੱਚ ATMS ਅਤੇ ‘ਪੁਆਇੰਟ ਆਫ਼ ਸੇਲ’ (PoS) ਦੀ ਪਹੁੰਚ ਯੋਗ ਹੋ ਗਈ ਹੈ। ਫੇਜ਼-II ਨਾਲ ਹੁਣ ਭੂਟਾਨੀ ਕਾਰਡ–ਧਾਰਕਾਂ ਨੂੰ ਭਾਰਤ ਵਿੱਚ ਰੁਪੇ ਨੈੱਟਵਰਕ ਤੱਕ ਪਹੁੰਚ ਕਰਨ ਦੀ ਇਜਾਜ਼ਤ ਮਿਲੇਗੀ।

ਭਾਰਤ ਅਤੇ ਭੂਟਾਨ ਆਪਸੀ ਸਮਝ ਤੇ ਸਤਿਕਾਰ ਨਾਲ ਭਰਪੂਰ ਇੱਕ ਵਿਸ਼ੇਸ਼ ਭਾਈਵਾਲੀ ਸਾਂਝੀ ਕਰਦੇ ਹਨ, ਜੋ ਸਾਂਝੀ ਸੱਭਿਆਚਰਕ ਵਿਰਾਸਤ ਤੇ ਲੋਕਾਂ ਤੋਂ ਲੋਕਾਂ ਤੱਕ ਦੇ ਮਜ਼ਬੂਤ ਸਬੰਧਾਂ ਨਾਲ ਹੋਰ ਮਜ਼ਬੂਤ ਹੁੰਦੀ ਹੈ।

ਨਵੀਂ ਦਿੱਲੀ
19 ਨਵੰਬਰ, 2020

DISCLAIMER: This is an approximate translation. The original is available in English on MEA’s website and may be referred to as the official press release.